**Exam. Code : 103204**
**Subject Code : 1094**

**B.A./B.Sc. 4th Semester**

**PUNJABI (Elective)**

Time Allowed—2 Hours] [Maximum Marks—100

**ਨੋਟ :-** ਕੁੱਲ **ਅੱਠ** ਪ੍ਰਸ਼ਨਾਂ ਦੇ ਸਮਾਨ ਅੰਕ ਹਨ। ਪਰੀਖਿਆਰਥੀਆਂ ਨੇ ਕੋਈ **ਚਾਰ** ਪ੍ਰਸ਼ਨ ਕਰਨੇ ਹਨ।

1. 1701 ਤੋਂ 1900 ਈ. ਤਕ ਦੇ ਪੰਜਾਬੀ ਸੂਫ਼ੀ-ਕਾਵਿ ਦਾ ਇਤਿਹਾਸ ਉਲੀਕੋ।
2. 18ਵੀਂ-19ਵੀਂ ਸਦੀ ਦੇ ਪੰਜਾਬੀ ਕਿੱਸਾ-ਕਾਵਿ 'ਤੇ ਚਰਚਾ ਕਰੋ।
3. 'ਸਿਆਲਾਂ ਦੀਆਂ ਧੂਣੀਆਂ' ਨਿਬੰਧ ਦਾ ਸਾਰ ਲਿਖੋ।
4. 'ਪੁਤਲੀਆਂ ਦਾ ਤਮਾਸ਼ਾ' ਨਿਬੰਧ ਦੇ ਆਧਾਰ 'ਤੇ ਬਲਵੰਤ ਗਾਰਗੀ ਦੀ ਵਾਰਤਕ-ਸ਼ੈਲੀ ਸਪੱਸ਼ਟ ਕਰੋ।
5. ਹੇਠ ਲਿਖੇ ਪੈਰ੍ਹੇ ਵਿਚਲੇ ਗ਼ਲਤ ਸ਼ਬਦ ਜੋੜਾਂ ਨੂੰ ਸੋਧ ਕੇ ਲਿਖੋ :

   ਕੁਦਰਤ ਨੇ ਸਾਨੁ ਬੌਹਤ ਬਡਮੁਲੀ ਜਿੰਦਗੀ ਦਿਤੀ ਹੈ ਤੇ ਨਾਲ ਖਾਨ, ਪੈਹਨਣ ਤੇ ਹੰਡਾਉਣ ਵਾਲੀਆ ਬੌਹਤ ਸਾਰੀਆਂ ਨਿਆਮਤਾ ਵੀ ਸਾਢੀ ਝੋਲੀ ਪਾਈਆ ਹਨ। ਇਸ ਦੇ ਬਦਲੇ ਵਜੋ ਅਸੀ ਵੀ ਬੌਹਤ ਕੁਜ ਕੁਦਰਤ ਵਾਸਤੇ ਕਰ ਸਕਦੇ ਹਾ। ਕੁਦਰਤ ਦੇ ਇਸ ਅਹਿਸਾਣ ਦਾ ਲੇਖਾ-ਜੋਖਾ ਅਸੀ ਸਾਰਾ ਤਾ ਨਹੀਂ ਪਰ ਜੇ ਚਾਹੀਯੇ ਤਾ ਕੁਜ-ਕੁਜ ਮੌੜ ਸਕਦੇ ਹਾਂ। ਆਪਣੀ ਸਫਾਈਂ ਚਾਰ ਚਫ਼ੇਰੇ ਦੀ ਸਫਾਈਂ ਤੇ ਕੁਦਰਤ ਦੀ ਸਫਾਈਂ! ਇਸਨੁ ਪਰਦੂਸਨ ਤੋਂ ਬਚਾ ਕੇ ਨਵੀਆ ਪ੍ਰਿਤਾ ਪਾ ਕੇ ਅਸੀਂ ਕੁਦਰਤ ਦਾ ਕੁਜ ਬਲਾ ਕਰ ਸਕਦੇ ਹਾ। ਇਸ ਵਾਸਤੇ ਸਬ ਤੋਂ ਵੱਢਾ ਪ੍ਰਉਪਕਾਰ ਜੋ ਮਨੁੱਖ ਕਰ ਸਕਦਾ ਹੈ ਉਹ ਹੈ ਦਰਖਤ, ਬੂਟੇ,



ਫਲ, ਬਾਗ ਲਗਾਉਨੇ। ਕੁਦਰਤ ਦੀਆਂ ਇਨ੍ਹਾਂ ਬਖਸੀਸਾਂ ਨੂੰ ਛਿੰਗਾਰਨਾ ਤੇ ਸੇਬਾ ਕਰਨਾ, ਕੁਦਰਤ ਨੂੰ ਚਾਰ ਚੰਨ ਲਾਉਨ ਦੇ ਬਰੋਬਰ ਹੈ ਤੇ ਇਹ ਪ੍ਰਉਪਕਾਰ ਮਨੁੱਖ ਸਹਜੇ ਹੀ ਕਰ ਸਕਦਾ ਹੈ। ਸਾਨੂੰ ਵਾਤਾਵਰਨ ਸੰਬੰਧੀ ਸਚੇਤ ਤੇ ਹੋਸ਼ਮੰਦ ਹੋਣ ਦੀ ਲੋੜ ਹੈ।

6. ਹੇਠ ਲਿਖੇ ਪੈਰ੍ਹੇ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ :

   ਇਲਾਕੇ ਦੇ ਮਸ਼ਹੂਰ ਦਸ ਨੰਬਰੀਏ ਜਗੀਰੇ ਨੇ ਆਪੀਂ ਥਾਣੇ ਜਾ ਕੇ ਥਾਣੇਦਾਰ ਦੇ ਪੈਰ ਫੜ ਲਏ ਹਜ਼ੂਰ ਅੱਜ ਤੋਂ ਮੈਂ ਬਦਮਾਸ਼ੀ ਛੱਡੀ ਤੇ ਤੁਸੀਂ ਮੇਰੇ ਸਿਰ 'ਤੇ ਹੱਥ ਰੱਖੋ ਤਾਂ ਕਿਸੇ ਦਿਨ ਮੈਂ ਇਲਾਕੇ ਦੇ ਸਾਊਆਂ ਵਿਚ ਗਿਣਿਆ ਜਾਵਾਂਗਾ ਜਗੀਰਾ ਬੜਾ ਸਨੁੱਖਾ ਦਰਸ਼ਨੀ ਜਵਾਨ ਸੀ ਘਰੋਂ ਵੀ ਚੰਗਾ ਸੀ ਪਰ ਮਾਂ-ਪਿਓ ਮੋਇਆਂ ਭੈੜੀ ਸੁਹਬਤੋਂ ਵਿਗੜਿਆ ਹੋਇਆ ਸੀ ਅੱਜ ਪਤਾ ਨਹੀਂ ਕਿਹੜਾ ਵਲ੍ਹੇਲ ਉਸਨੂੰ ਥਾਣੇ ਲੈ ਆਇਆ ਥਾਣੇਦਾਰ ਵੀ ਹੱਸ ਕੇ ਆਖਿਆ ਸੁ ਚੰਗਾ ਜਗੀਰਿਆ ਤੇਰੇ ਉਤੇ ਮੈਂ ਖ਼ਾਸ ਅੱਖ ਰੱਖਾਂਗਾ ਛੇ ਮਹੀਨੇ ਤੇਰੀ ਕੋਈ ਮਾੜੀ ਰਿਪੋਰਟ ਨਾ ਆਈ ਤਾਂ ਦਸ ਨੰਬਰ ਚੋਂ ਤੇਰਾ ਨਾਂ ਕਢਾਅ ਦਿਆਂਗਾ ਇਹ ਗੱਲ ਪਹਿਲੀ ਅਕਤੂਬਰ ਨੂੰ ਹੋਈ ਸੀ ਅੱਜ ਤੇਰਾਂ ਅਕਤੂਬਰ ਸੀ ਕਿ ਉਹੀ ਬੁਰੀ ਤਰ੍ਹਾਂ ਵੱਢਿਆ-ਟੁੱਕਿਆ ਥਾਣੇ ਵਿਚ ਲਿਆਂਦਾ ਗਿਆ ਲਹੂ ਨਾਲ ਕੱਪੜੇ ਗੜੁੱਚ ਸਨ ਪਰ ਉਹ ਅਜੇ ਬੋਲ ਸਕਦਾ ਸੀ ਪੂਰੀ ਹੋਸ਼ ਵਿਚ ਸੀ ਕਿਉਂ ਜਗੀਰਿਆ ਇਹ ਕੀ ਹੋਇਆ ਕਿਸੇ ਨੂੰ ਤੇਰੀ ਖ਼ਬਰ ਦੇਈਏ ਥਾਣੇਦਾਰ ਨੇ ਪੁੱਛਿਆ ਜੇ ਤੁਸੀਂ ਤਰਨ ਤਾਰਨੋਂ ਹੌਲਦਾਰ ਸਰਮੁਖ ਸਿੰਘ ਦੀ ਵਹੁਟੀ ਕਿੱਛੋ ਨੂੰ ਮੰਗਾਅ ਦਿਓ ਉਹੀ ਦੂਰੋਂ ਪਾਰੋਂ ਮੇਰੀ ਕੁਝ ਲੱਗਦੀ ਏ ਸ਼ੈਦ ਮੈਂ ਬਚ ਈ ਜਾਵਾਂ

7. ਪੰਜਾਬੀ ਭਾਸ਼ਾ ਦੇ ਉਦਭਵ ਤੇ ਵਿਕਾਸ 'ਤੇ ਨੋਟ ਲਿਖੋ।
8. ਗੁਰਮੁਖੀ ਲਿਪੀ ਦੇ ਨਿਕਾਸ ਅਤੇ ਵਿਕਾਸ ਬਾਰੇ ਚਰਚਾ ਕਰੋ।